# ਵੇਪਿੰਗ ਉਤਪਾਦ

## ਆਮ ਪੁੱਛੇ ਜਾਣ ਵਾਲੇ ਪ੍ਰਸ਼ਨ



### 1 ਵੇਪਿੰਗ ਉਤਪਾਦ ਕੀ ਹਨ?

ਵੇਪਿੰਗ ਉਤਪਾਦ ਬੈਟਰੀ ਨਾਲ ਚੱਲਣ ਵਾਲੇ ਯੰਤਰ ਹਨ ਜੋ ਕਿ ਇੱਕ ਦ੍ਰਵ ਪਦਾਰਥ ਨੂੰ ਗਰਮ ਕਰ ਕੇ ਇੱਕ ਏਰੋਸੋਲ ( ਭਾਫ਼ ਜਾਂ ਬੱਦਲ) ਬਣਾਉਂਦੇ ਹਨ|

ਵੇਪਿੰਗ ਉਤਪਾਦਾਂ ਦੇ ਕਈ ਨਾਮ ਹਨ ਜਿਵੇਂ ਕਿ: ਈ - ਸਿਗਰੇਟ, ਵੇਪ, ਵੇਪ ਪੈੱਨ, ਮੋਡ (ਬਾਕਸ ਜਾਂ ਪੌਡ), ਟੈਂਕ, ਈ- ਹੁੱਕਾ ਅਤੇ ਇਹ ਕਈ ਮਾਰਕੇ ਵਾਲੇ ਨਾਵਾਂ ਨਾਲ ਵੀ ਜਾਣੇ ਜਾਂਦੇ ਹਨ| ਇਹਨਾਂ ਯੰਤਰਾਂ ਵਿੱਚ ਤੰਬਾਕੂ ਸ਼ਾਮਿਲ ਨਹੀਂ ਹੁੰਦਾ ਅਤੇ ਨਾ ਹੀ ਇਹਨਾਂ ਨੂੰ ਜਲਾਇਆ ਜਾਂਦਾ ਹੈ| ਇਹਨਾਂ ਵਿੱਚੋਂ ਬਹੁਤਿਆਂ ਵਿੱਚ ਨਿਕੋਟੀਨ ਹੁੰਦੀ ਹੈ| ਇਹ ਹੇਠ ਦਿੱਤੇ ਵਾਂਗ ਬਣੇ ਹੁੰਦੇ ਹਨ:




- ਐਟਮਾਈਜ਼ਰ ਨੂੰ ਕਾਰਟੋਮਾਈਜ਼ਰ ਜਾਂ ਕਲੀਅਰੋਮਾਈਜ਼ਰ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ|
- ਈ - ਜੂਸ ਨੂੰ ਈ - ਲਿਕੁਈਡ ਜਾਂ ਵੇਪਿੰਗ ਲਿਕੁਈਡ ਵੀ ਕਿਹਾ ਜਾਂਦਾ ਹੈ|

### 2 ਆਮ ਤੌਰ ਤੇ ਕਿਹੜੇ ਵੇਪਿੰਗ ਯੰਤਰ ਇਸਤੇਮਾਲ ਕੀਤੇ ਜਾਂਦੇ ਹਨ?

ਮੌਲਿਕ ਵੇਪਿੰਗ ਯੰਤਰ ਰਵਾਇਤੀ ਸਿਗਰੇਟ ਵਾਂਗੂ ਦਿਖਣ ਵਾਲੇ ਬਣਾਏ ਗਏ ਸਨ| ਪਰ, ਨਵੀਂ ਨਸਲ ਦੇ ਵੇਪਿੰਗ ਉਤਪਾਦ ਵਧੇਰੇ ਵਿਕਸਿਤ ਹਨ ਅਤੇ ਕਈ ਵੱਖ ਵੱਖ ਆਕਾਰ, ਨਾਪ ਅਤੇ ਕਿਸਮਾਂ ਦੇ ਮਿਲਦੇ ਹਨ| "ਜੂਲ" ਅਤੇ "ਐਸਪਾਇਰ ਬਰੀਜ਼" ਵੇਪਿੰਗ ਉਤਪਾਦਾਂ ਦੀਆਂ ਅਜਿਹੀਆਂ ਉਦਾਹਰਣਾਂ ਹਨ ਜੋ ਕਿ ਅੱਜ ਕੱਲ੍ਹ ਬਹੁਤ ਪ੍ਰਚਲਿਤ ਹੋ ਰਹੀਆਂ ਹਨ| ਇਹਨਾਂ ਵਿੱਚ ਨਿਕੋਟੀਨ ਦੀ ਵੱਧ ਮਾਤਰਾ ਹੁੰਦੀ ਹੈ, ਜੋ ਕਿ ਤੇਜ਼ੀ ਨਾਲ ਰਚਦੀ ਹੈ, ਅਤੇ ਇਸ ਤਰ੍ਹਾਂ ਨਿਕੋਟੀਨ ਦਾ ਵਧੇਰੇ 'ਪ੍ਰਭਾਵ' ਦਿੰਦੀ ਹੈ|



## 3 ਈ - ਜੂਸ ਦੇ ਵਿੱਚ ਕੀ ਹੈ?

ਆਮ ਤੌਰ ਤੇ ਬਹੁਤੇ ਈ - ਜੂਸ ਵਿੱਚ ਹੁੰਦੇ ਹਨ:

- ਪ੍ਰੋਪੀਲਿਨ ਗਲਾਈਕੋਲ (ਪੀ ਜੀ)
- ਬਨਸਪਤੀ ਗਲਿਸਰੀਨ (ਵੀ ਜੀ)
- ਸੁਗੰਧ - ਸੁਆਦ
- ਨਿਕੋਟੀਨ (ਬਿਲਕੁਲ ਨਾ ਤੋਂ ਬਹੁਤ ਵੱਧ ਮਿਕਦਾਰ ਤੱਕ)



## 4 ਏਰੋਸੋਲ ਵਿੱਚ ਕੀ ਹੈ?

ਜਵਾਨਾਂ ਅਤੇ ਬਾਲਗਾਂ ਵਿੱਚ ਇੱਕ ਗਲਤ ਧਾਰਨਾ ਹੈ ਕਿ ਏਰੋਸੋਲ ਸਿਰਫ ਪਾਣੀ ਦੀ ਭਾਫ਼ ਹੀ ਹੈ| ਪਾਰ, ਜਦੋਂ ਇੱਕ ਵਾਰ ਈ - ਜੂਸ ਨੂੰ ਗਰਮ ਕਰ ਦਿੱਤਾ ਜਾਂਦਾ ਹੈ, ਤਾਂ ਕਈ ਤਰ੍ਹਾਂ ਦੇ ਰਸਾਇਣ ਬਣ ਜਾਂਦੇ ਹਨ, ਜਿਵੇਂ ਕਿ:

| ਜ਼ਹਿਰੀਲੇ ਪਦਾਰਥ | ਇਹਨਾਂ ਵਿੱਚ ਵੀ ਪਾਏ ਜਾਂਦੇ ਹਨ |
|---|---|
| ਭਾਰੀ ਧਾਤ | ਲੈੱਡ ਤੋਂ ਬਣਿਆ ਰੰਗ-ਰੋਗਨ |
| ਕਾਰਬੋਨਿਲ | ਲਾਸ਼ ਨੂੰ ਸੁਰੱਖਿਅਤ ਰੱਖਣ ਲਈ ਲਾਉਣ ਵਾਲਾ ਦ੍ਰਵ |
| ਤੰਬਾਕੂ - ਵਿਸ਼ੇਸ਼ ਨਾਈਟਰੋਸੇਮੀਨਸ | ਸਿਗਰੇਟ |
| ਪਰਿਵਰਤਨਸ਼ੀਲ ਓਰਗੈਨਿਕ ਮਿਸ਼੍ਰਣ(ਵੀ ਓ ਸੀ) | ਗੈਸੋਲੀਨ |
| ਪੌਲੀਸਿਕਲਿਕ ਸੁਗੰਧਿਤ ਹਾਈਡਰੋਕਾਰਬਨ (ਪੀ ਏ ਐਚ) | ਵਾਹਨਾਂ ਵਿੱਚੋਂ ਨਿਕਲਣ ਵਾਲਾ ਧੂੰਆਂ |
| ਮਹੀਨ ਕਣ | ਜੰਗਲੀ ਅੱਗ ਦਾ ਧੂੰਆਂ |

ਇਹਨਾਂ ਜ਼ਹਿਰੀਲੇ ਪਦਾਰਥਾਂ ਨਾਲ ਕੈਂਸਰ, ਫੇਫੜਿਆਂ ਦੀਆਂ ਬਿਮਾਰੀਆਂ ਅਤੇ ਦਿਲ ਦੇ ਰੋਗ ਹੋ ਸਕਦੇ ਹਨ|

## 5 ਕੀ ਭੰਗ ਨੂੰ ਵੇਪ ਕੀਤਾ ਜਾ ਸਕਦਾ ਹੈ?

ਭੰਗ ਨੂੰ ਵੀ ਸੁੱਕੇ ਫੁੱਲਾਂ ਦੇ ਰੂਪ ਵਿੱਚ ਜਾਂ ਮੋਮ ਜਾਂ ਹੈਸ਼ ਤੇਲ ਵਰਗੇ ਸੰਘਣੇ ਰੂਪ ਵਿੱਚ ਵੇਪ ਕੀਤਾ ਜਾ ਸਕਦਾ ਹੈ|



## 6 ਵੇਪਿੰਗ ਉਤਪਾਦਾਂ ਨੂੰ ਵਰਤਣ ਨਾਲ ਸਿਹਤ ਤੇ ਕੀ ਪ੍ਰਭਾਵ ਪੈਂਦੇ ਹਨ?

ਵੇਪਿੰਗ ਉਤਪਾਦਾਂ ਦਾ ਸਿਹਤ ਤੇ ਪ੍ਰਭਾਵ ਪੈਂਦਾ ਹੈ| ਏਰੋਸੋਲ ਦੇ ਵਿੱਚ ਪਾਏ ਜਾਣ ਵਾਲੇ ਜ਼ਹਿਰੀਲੇ ਪਦਾਰਥ ਥੋੜ੍ਹੀ ਦੇਰ ਲਈ ਸਾਹ, ਦਿਲ ਅਤੇ ਖ਼ੂਨ ਦੇ ਪ੍ਰਵਾਹ ਦੀਆਂ ਨਾੜੀਆਂ ਨਾਲ ਸੰਬੰਧਿਤ ਸਿਹਤ ਤੇ ਪ੍ਰਭਾਵ ਪਾ ਸਕਦੇ ਹਨ, ਅਤੇ ਇਹਨਾਂ ਨਾਲ ਕੈਂਸਰ ਵੀ ਹੋ ਸਕਦਾ ਹੈ|

ਵੇਪਿੰਗ ਪਦਾਰਥਾਂ ਨੂੰ ਵਰਤਣ ਦੇ ਲੰਬੇ ਸਮੇਂ ਤੱਕ ਰਹਿਣ ਵਾਲੇ ਪ੍ਰਭਾਵਾਂ ਬਾਰੇ ਹਾਲੇ ਗਿਆਤ ਨਹੀਂ ਹੈ ਅਤੇ ਇਸ ਬਾਰੇ ਖੋਜ ਜਾਰੀ ਹੈ|







ਜਿਹੜੇ ਵੇਪਿੰਗ ਉਤਪਾਦਾਂ ਵਿੱਚ ਨਿਕੋਟੀਨ ਹੁੰਦੀ ਹੈ ਉਹਨਾਂ ਨਾਲ ਨਿਕੋਟੀਨ ਦੀ ਲਤ ਲੱਗ ਸਕਦੀ ਹੈ ਅਤੇ ਉਸ ਉੱਤੇ ਸਰੀਰਕ ਤੌਰ ਤੇ ਨਿਰਭਰਤਾ ਹੋ ਸਕਦੀ ਹੈ| ਨਿਕੋਟੀਨ ਦੇ ਤਤਕਾਲੀਨ ਪ੍ਰਭਾਵਾਂ ਵਿੱਚ ਦਿਲ ਦੀ ਧੜਕਣ ਅਤੇ ਲਹੂ ਦੇ ਦਬਾਅ ਦਾ ਵਧਣਾ ਸ਼ਾਮਿਲ ਹਨ| ਨੌਜਵਾਨ ਵਿਸ਼ੇਸ਼ ਤੌਰ ਤੇ ਨਿਕੋਟੀਨ ਦੇ ਬੁਰੇ ਪ੍ਰਭਾਵਾਂ ਲਈ ਸੰਵੇਦਨਸ਼ੀਲ ਹੁੰਦੇ ਹਨ| ਇਹ ਦਿਮਾਗੀ ਵਿਕਾਸ ਵਿੱਚ ਪਰਿਵਰਤਨ ਕਰ ਸਕਦੇ ਹਨ, ਅਤੇ ਯਾਦਾਸ਼ਤ, ਇਕਾਗਰਤਾ ਅਤੇ ਮਨੋਦਸ਼ਾ ਨੂੰ ਪ੍ਰਭਾਵਿਤ ਕਰ ਸਕਦੇ ਹਨ|

## 7 ਕੀ ਵੇਪਿੰਗ ਉਤਪਾਦ ਸਿਗਰੇਟਾਂ ਨਾਲੋਂ ਘੱਟ ਹਾਨੀਕਾਰਕ ਹਨ?

ਜਿਹੜੇ ਲੋਕ ਸਿਗਰੇਟ ਪੀਂਦੇ ਹਨ, ਉਹਨਾਂ ਲਈ ਵੇਪਿੰਗ ਉਤਪਾਦ ਇੱਕ ਘੱਟ ਹਾਨੀਕਾਰਕ ਵਿਕਲਪ ਸਮਝੇ ਜਾ ਸਕਦੇ ਹਨ| ਇਸ ਦਾ ਕਾਰਨ ਇਹ ਹੈ ਕਿ ਏਰੋਸੋਲ ਵਿੱਚ ਸਿਗਰੇਟ ਦੇ ਮੁਕਾਬਲੇ ਘੱਟ ਜ਼ਹਿਰੀਲੇ ਪਦਾਰਥ ਹੁੰਦੇ ਹਨ| ਪਰ, ਵੇਪਿੰਗ ਉਤਪਾਦਾਂ ਦੀਆਂ ਸੰਭਾਵੀ ਅਤੇ ਅਗਿਆਤ ਹਾਨੀਆਂ ਦੇ ਚਲਦੇ, ਜਿਹੜੇ ਵਿਅਕਤੀ ਸਿਗਰੇਟ ਨਹੀਂ ਪੀਂਦੇ, ਉਹਨਾਂ ਨੂੰ ਵੇਪ ਨਹੀਂ ਕਰਨਾ ਚਾਹੀਦਾ|



## 8 ਕੀ ਅਸਿੱਧੇ ਰੂਪ ਵਿੱਚ ਭਾਫ਼ ਵਿੱਚ ਸਾਹ ਲੈਣਾ ਹਾਨੀਕਾਰਕ ਹੈ?

ਅਸਿੱਧੇ ਰੂਪ ਵਿੱਚ ਪਾਈ ਜਾਂਦੀ ਭਾਫ਼ ਵਿੱਚ ਵੀ ਨਿਕੋਟੀਨ, ਭਾਰੀ ਧਾਤ, ਅਤੇ ਮਹੀਨ ਕਣ ਹੁੰਦੇ ਹਨ| ਬੱਚਿਆਂ ਅਤੇ ਸ਼ਿਸ਼ੂਆਂ ਸਮੇਤ, ਆਲੇ ਦੁਆਲੇ ਖੜ੍ਹੇ ਹੋਰ ਵਿਅਕਤੀ ਵੀ ਇਸ ਭਾਫ਼ ਨੂੰ ਸਾਹ ਨਾਲ ਅੰਦਰ ਲਿਜਾ ਸਕਦੇ ਹਨ| ਇਸ ਕਾਰਨ ਕਰ ਕੇ ਵੇਪਿੰਗ ਉਤਪਾਦ ਵਰਤਣ ਵਾਲਿਆਂ ਨੂੰ, ਵੇਪਿੰਗ ਉਤਪਾਦ ਨਾ ਵਰਤਣ ਵਾਲਿਆਂ ਦੇ ਆਲੇ ਦੁਆਲੇ ਇਹਨਾਂ ਨੂੰ ਵਰਤਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ|



## 9 ਵੇਪਿੰਗ ਉਤਪਾਦਾਂ ਨੂੰ ਵਰਤਣ ਨਾਲ ਹੋਰ ਕਿਹੜੇ ਖ਼ਤਰੇ ਹਨ?

ਈ - ਜੂਸ ਨੂੰ ਗਲੇ ਅੰਦਰ ਲੰਘਾਉਣ ਨਾਲ ਜਾਂ ਚਮੜੀ ਰਾਹੀਂ ਸੋਖਣ ਨਾਲ ਬੱਚਿਆਂ ਅਤੇ ਬਾਲਗਾਂ ਵਿੱਚ ਜ਼ਹਿਰ ਫੈਲਿਆ ਹੈ|

ਵੇਪਿੰਗ ਉਤਪਾਦ ਫਟ ਸਕਦੇ ਹਨ ਅਤੇ ਇਹਨਾਂ ਨਾਲ ਅੱਗ ਲੱਗ ਸਕਦੀ ਹੈ ਜਿਸ ਦੇ ਨਤੀਜੇ ਵਜੋਂ ਛਾਲੇ ਜਾਂ ਜ਼ਖ਼ਮ ਹੋ ਸਕਦੇ ਹਨ| ਵੇਪਿੰਗ ਯੰਤਰਾਂ ਵਿਚਲੀਆਂ ਲਿਥੀਅਮ ਬੈਟਰੀਆਂ ਵੀ ਖ਼ਤਰਨਾਕ ਹੋ ਸਕਦੀਆਂ ਹਨ ਜੇਕਰ ਉਹਨਾਂ ਨੂੰ ਉਪਯੁਕਤ ਢੰਗ ਨਾਲ ਵਰਤਿਆ, ਸੰਭਾਲਿਆ, ਲਿਜਾਇਆ ਜਾਂ ਚਾਰਜ ਨਾ ਕੀਤਾ ਜਾਵੇ|



## 10 ਕੀ ਵੇਪਿੰਗ ਉਤਪਾਦ ਕੈਨੇਡਾ ਵਿੱਚ ਕਾਨੂੰਨੀ ਹਨ?

ਵੇਪਿੰਗ ਉਤਪਾਦ ਕੈਨੇਡਾ ਵਿੱਚ ਕਾਨੂੰਨੀ ਹਨ| ਹਾਲਾਂਕਿ, ਦੇਸ਼ ਅਤੇ ਸੂਬੇ, ਦੋਨਾਂ ਦੇ ਪੱਧਰ ਤੇ ਹੀ ਇਹਨਾਂ ਨੂੰ ਬਣਾਉਣ, ਲੇਬਲ ਕਰਨ, ਪ੍ਰੋਮੋਟ ਕਰਨ ਅਤੇ ਵੇਚਣ ਦੀ ਦੇਖ ਰੇਖ ਵਾਸਤੇ ਕਾਨੂੰਨ ਮੌਜੂਦ ਹਨ|

## 11 ਵੇਪਿੰਗ ਉਤਪਾਦਾਂ ਨੂੰ ਖਰੀਦਣ ਲਈ ਕਾਨੂੰਨੀ ਉਮਰ ਕਿੰਨੀ ਹੈ?

ਬੀ ਸੀ ਵਿੱਚ, ਵੇਪਿੰਗ ਉਤਪਾਦ ਖਰੀਦਣ ਲਈ ਤੁਹਾਡੀ ਉਮਰ 19 ਸਾਲ ਜਾਂ ਉਸ ਤੋਂ ਵੱਧ ਹੋਣੀ ਚਾਹੀਦੀ ਹੈ|




## 12 ਕੀ ਸਕੂਲ ਦੀ ਪ੍ਰਾਪਰਟੀ ਦੇ ਅੰਦਰ ਵੇਪਿੰਗ ਕੀਤੀ ਜਾ ਸਕਦੀ ਹੈ?

ਬੀ ਸੀ ਤੰਬਾਕੂ ਅਤੇ ਵੇਪਰ ਪ੍ਰੋਡਕਟਸ ਕੰਟਰੋਲ ਐਕਟ ਹਰ ਉਸ ਸਥਾਨ ਤੇ ਵੇਪਿੰਗ ਵਰਜਿਤ ਕਰਦਾ ਹੈ ਜਿੱਥੇ ਤੰਬਾਕੂਨੋਸ਼ੀ ਦੀ ਆਗਿਆ ਨਹੀਂ ਹੈ| ਇਹ ਸਕੂਲ ਦੇ ਅੰਦਰ ਅਤੇ ਸਕੂਲ ਦੀ ਪ੍ਰਾਪਰਟੀ ਤੇ ਵੀ ਲਾਗੂ ਹੈ| ਕਾਨੂੰਨ ਦੇ ਅਨੁਸਾਰ, ਕਿਸੇ ਵੀ ਕਿਸਮ ਦੀ ਉਲੰਘਣਾ ਹੋਣ ਦੀ ਸੂਰਤ ਵਿੱਚ, ਪ੍ਰਬੰਧਕ (ਬੋਰਡ, ਸੁਪਰਡੈਂਟ, ਅਤੇ ਪ੍ਰਿੰਸੀਪਲ) ਜਵਾਬਦੇਹ ਹਨ| ਇਹ ਜ਼ਰੂਰੀ ਹੈ ਕਿ ਉਹ ਆਪਣੀ ਪੂਰੀ ਵਾਹ ਲਾਉਣ ਤਾਂ ਕਿ ਵਿਦਿਆਰਥੀ ਇਸ ਦੀ ਪਾਲਣਾ ਕਰਨ ਅਤੇ ਇੱਕ ਸੁਰੱਖਿਅਤ ਅਤੇ ਸਿਹਤਮੰਦ ਮਾਹੌਲ ਸਿਰਜਿਆ ਜਾ ਸਕੇ|